# ਸੁਰਤਾਲ ਏਸ਼ੀਅਨ ਆਰਟਸ ਵੱਲੋਂ ਡਰਬੀ ਵਿਖੇ 25 ਜੁਲਾਈ ਨੂੰ ਏਸ਼ੀਅਨ ਮੇਲੇ ਤੇ ਉੱਘੇ ਕਲਾਕਾਰ ਪਹੁੰਚਣਗੇ-ਗੋਪਾ ਨਾਥ



ਸੁਰਤਾਲ ਏਸ਼ੀਅਨ ਆਰਟਸ ਦੀ ਡਾਇਰੈਕਟਰ ਸ੍ਰੀਮਤੀ ਗੋਪਾ ਨਾਥ

ਡਰਬੀ ਵਿਖੇ 25 ਜੁਲਾਈ ਨੂੰ ਡਰਬੀ ਮਾਰਕਿਟ ਪਲੇਸ ਵਿਖੇ ਇਥੋਂ ਦੀ ਇਕ ਸੱਭਿਆਚਾਰਕ ਸੰਸਥਾ ਸੁਰਤਾਲ ਏਸ਼ੀਅਨ ਆਰਟਸ ਵੱਲੋਂ ਏਸ਼ੀਅਨ ਮੇਲਾ ਕਰਵਾਇਆ ਜਾ ਰਿਹਾ ਹੈ। ਸੁਰਤਾਲ ਏਸ਼ੀਅਨ ਆਰਟਸ ਦੀ ਡਾਇਰੈਕਟਰ ਸ੍ਰੀਮਤੀ ਗੋਪਾ ਨਾਥ ਨੇ ਇਸ ਮੰਗਲਵਾਰ ਨੂੰ ਪੰਜਾਬ ਟਾਈਮਜ਼ ਨਾਲ ਇਕ ਵਿਸ਼ੇਸ਼ ਇੰਟਰਵਿਊ ਦੌਰਾਨ ਦੱਸਿਆ ਕਿ ਉਹਨਾਂ ਨੇ ਤੇ ਚਾਰ ਹੋਰ ਬੀਬੀਆਂ ਨੇ ਮਿਲ ਕੇ 1994 ਵਿਚ ਇਹ ਸੰਸਥਾ ਕਾਇਮ ਕੀਤੀ ਸੀ। ਸਾਡਾ ਮਕਸਦ ਆਪਣੀ ਨੌਜਵਾਨ ਪੀੜ੍ਹੀ ਨੂੰ ਆਪਣੇ ਦੱਖਣੀ ਏਸ਼ੀਅਨ ਸੱਭਿਆਚਾਰ ਨਾਲ ਕਲਾ ਦੇ ਜਰੀਏ ਜੋੜਨਾ ਸੀ। ਇਸ ਲਈ ਅਸੀਂ ਬੱਚਿਆਂ ਤੇ ਨੌਜਵਾਨਾਂ ਨੂੰ ਸੰਗੀਤ ਦੀ ਸਿੱਖਿਆ, ਏਸ਼ੀਅਨ ਨਾਚ, ਕਲਾਸੀਕਲ, ਭੰਗੜਾ, ਤਬਲਾ, ਹਰਮੋਨੀਅਮ ਆਦਿ ਸਿਖਾਉਣ ਦਾ ਪ੍ਰਬੰਧ ਕੀਤਾ। ਉਹਨਾਂ ਦੱਸਿਆ ਕਿ ਸੁਰਤਾਲ ਏਸ਼ੀਅਨ ਆਰਟਸ ਵੱਲੋਂ ਪਿਛਲੇ 15-16 ਸਾਲਾਂ ਵਿਚ ਬੱਚਿਆਂ ਤੇ ਨੌਜਵਾਨਾਂ ਲਈ ਬਹੁਤ ਕੰਮ ਕੀਤਾ ਗਿਆ ਹੈ। ਇਸ ਸੰਸਥਾ ਵਿਚ ਹੁਣ ਤੱਕ ਕਾਫ਼ੀ ਵਾਧਾ ਹੋਇਆ ਹੈ ਤੇ ਹੁਣ ਇਸ ਦੇ ਤਕਰੀਬਨ 50 ਮੈਂਬਰ ਹਨ। ਸਾਡਾ ਮੁੱਖ ਮਕਸਦ ਏਸ਼ੀਅਨ ਕਲਾ ਅਤੇ ਸੱਭਿਆਚਾਰ ਨਾਲ ਨੌਜਵਾਨ ਪੀੜ੍ਹੀ ਨੂੰ ਜੋੜਨਾ ਤੇ ਆਪਣੇ ਸੱਭਿਆਚਾਰ ਨੂੰ ਬਚਾਉਣਾ ਹੈ। ਇਸ ਦੇ ਨਾਲ ਹੀ ਜਿਸ ਸਮਾਜ ਵਿਚ ਅਸੀਂ ਰਹਿੰਦੇ ਹਾਂ, ਉਹਦੇ ਨਾਲ ਮੇਲ ਜੋਲ ਰੱਖਣ ਵਾਸਤੇ ਉਹਨਾਂ ਦੇ ਸੱਭਿਆਚਾਰ ਨੂੰ ਦੇਖਣਾ, ਸਮਝਣਾ ਅਤੇ ਆਪਣੇ ਸੱਭਿਆਚਾਰ ਬਾਰੇ ਦੂਜਿਆਂ ਨੂੰ ਜਾਣਕਾਰੀ ਦੇਣਾ ਤਾਂ ਕਿ ਅਜਕਲ੍ਹ ਦੇ ਬਹੁ ਸਮਾਜੀ ਸੱਭਿਆਚਾਰ ਵਿਚ ਇਕ ਦੂਜੇ ਨਾਲ ਮਿਲ ਜੁਲ ਕੇ ਰਹਿਣ ਵਿਚ ਖੁਸ਼ੀ ਮਹਿਸੂਸ ਹੋਵੇ। ਇਸ ਵਾਸਤੇ ਸੱਭਿਆਚਾਰਕ ਮੇਲੇ, ਸਮਾਗਮ ਕਰਨੇ ਬਹੁਤ ਜ਼ਰੂਰੀ ਹਨ, ਜਿਸ ਨਾਲ ਇਕ ਦੂਜੇ ਨਾਲ ਨੇੜਤਾ ਵਧਦੀ ਹੈ। ਸਾਨੂੰ ਮਾਣ ਹੈ ਕਿ ਅਸੀਂ ਆਪਣਾ ਹੈਰੀਟੇਜ ਤੇ ਆਪਣਾ ਕਲਚਰ ਦੂਜਿਆਂ ਨਾਲ ਸਾਂਝਾ ਕਰ ਸਕਦੇ ਹਾਂ। ਗੋਪਾ ਨਾਥ ਨੇ ਕਿਹਾ ਕਿ ਇਸ ਸੰਸਥਾ ਵਿਚ ਕੋਈ ਵੀ ਆ ਕੇ ਸ਼ਾਮਲ ਹੋ ਸਕਦਾ ਹੈ। ਪੰਜ ਸਾਲ ਤੋਂ ਉੱਪਰ ਉਮਰ ਦਾ ਕੋਈ ਵੀ ਬੱਚਾ, ਨੌਜਵਾਨ ਜਾਂ ਵਿਅਕਤੀ ਮੈਂਬਰ ਬਣ ਸਕਦਾ ਹੈ। ਇਸ ਬਾਰੇ ਸਾਡੀ ਵੈਬਸਾਈਟ www.surtalarts.co.uk ਉੱਤੇ ਪੂਰੀ ਜਾਣਕਾਰੀ ਮਿਲ ਸਕਦੀ ਹੈ। ਇਥੋਂ ਫਾਰਮ ਭਰ ਕੇ ਤੇ ਸਾਲਾਨਾ ਪੰਜ ਪੌਂਡ ਫੀਸ ਦੇ ਕੇ ਮੈਂਬਰ ਬਣ ਸਕਦੇ ਹਨ। ਪਰਿਵਾਰਾਂ ਵਾਸਤੇ ਸਾਂਝਾ ਪੈਕੇਜ ਹੈ, ਫੀਸ ਘੱਟ ਲੱਗਦੀ ਹੈ। ਮੈਂਬਰ ਬਣਨ ਨਾਲ ਸਾਡੀਆਂ ਟਰੇਨਿੰਗ ਕਲਾਸਾਂ ਦੀ ਫੀਸ ਵਿਚ ਰਿਆਇਤ ਮਿਲਦੀ ਹੈ।

ਗੋਪਾ ਨਾਥ ਨੇ ਸੁਰਤਾਲ ਦੀ ਸਰਕਾਰੀ ਫੰਡਿੰਗ ਬਾਰੇ ਗੱਲ ਕਰਦਿਆਂ ਕਿਹਾ ਕਿ ਇਸ ਵੇਲੇ ਰੀਸੈਸ਼ਨ ਕਾਰਨ ਸਾਡੀ ਸੰਸਥਾ ਨੂੰ ਵੀ ਸਰਕਾਰੀ ਫੰਡ ਦੀ ਘਾਟ ਆ ਗਈ ਹੈ। ਇਸ ਲਈ ਅਸੀਂ ਆਪਣੇ ਭਾਰਤੀ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਇਸ ਸੰਸਥਾ ਨੂੰ ਬਚਾਉਣ ਲਈ ਅੱਗੇ ਆਓ ਅਤੇ ਜਿੰਨੀ ਹੋ ਸਕੇ ਸਾਡੀ ਮਦਦ ਕਰੋ ਤਾਂ ਕਿ ਸੱਭਿਆਚਾਰਕ ਪ੍ਰੋਗਰਾਮ ਨੂੰ ਜਾਰੀ ਰੱਖਿਆ ਜਾ ਸਕੇ।

25 ਜੁਲਾਈ ਨੂੰ ਸੁਰਤਾਲ ਵੱਲੋਂ ਕਰਵਾਏ ਜਾ ਰਹੇ ਏਸ਼ੀਅਨ ਮੇਲੇ ਬਾਰੇ ਉਹਨਾਂ ਦੱਸਿਆ ਕਿ ਸਾਨੂੰ ਉਮੀਦ ਹੈ ਕਿ 3 ਤੋਂ 5 ਹਜ਼ਾਰ ਤੱਕ ਲੋਕ ਮੇਲੇ ਵਿਚ ਸ਼ਾਮਿਲ ਹੋਣਗੇ। ਇਸ ਮੇਲੇ ਵਿਚ ਅਸੀਂ 60 ਤੋਂ 80 ਦੇ ਕਰੀਬ ਛੋਟੇ ਵੱਡੇ ਕਲਾਕਾਰਾਂ ਦਾ ਪ੍ਰਬੰਧ ਕੀਤਾ ਹੈ, ਜਿਹੜੇ ਕਿ ਸਾਰਾ ਦਿਨ ਆਪਣੀ ਕਲਾ, ਗੀਤ-ਸੰਗੀਤ ਅਤੇ ਡਾਂਨਸ, ਕਲਾਸੀ ਡਾਂਨਸ ਅਤੇ ਭੰਗੜੇ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਇਹਨਾਂ ਕਲਾਕਾਰਾਂ ਵਿਚ ਭਾਰਤ ਤੋਂ ਵੀ ਕਲਾਕਾਰ ਆ ਰਹੇ ਹਨ ਜਿਵੇਂ ਕਿ ਰਾਜੀਬ ਚੱਕਰਬਰਤੀ, ਮਦਰ ਇੰਡੀਆ ਤੇ ਬੋਲੀਵੁਡ ਫਿਲਮ ਦਾ ਸੰਗੀਤ, ਯੂ ਕੇ ਦੇ ਲੋਕਲ ਕਲਾਕਾਰ, ਜੈਜ਼ ਧਾਮੀ, ਹਰਜੀਤ ਸਿੰਘ, ਪੈਪਸੀ, ਐਮ ਆਈ 21, ਡੀ ਜੇ ਟਾਈਗਰ ਸਟਾਈਲ, ਲਿਪੀ ਕੂਲ, ਪੰਜਾਬੀ ਭੰਗੜਾ, ਆਜ਼ਾਦ ਢੋਲੀ ਦੇ ਇਲਾਵਾ ਛੋਟੇ ਵੱਡੇ ਡਾਂਨਸ ਗਰੁੱਪ ਸਟੇਜ ਸ਼ੋਅ ਪੇਸ਼ ਕਰਨਗੇ। ਗੋਪਾ ਨਾਥ ਨੇ ਹੋਰ ਕਿਹਾ ਕਿ ਇਸ ਮੇਲੇ ਦੌਰਾਨ ਬਹੁਤ ਸਾਰੀਆਂ ਕਮਿਊਨਿਟੀਆਂ ਦੇ ਕਲਾਕਾਰ ਆਪਣੀ ਕਲਾ ਪੇਸ਼ ਕਰਨਗੇ। ਮੇਲੇ ਬਾਰੇ ਹੋਰ ਜਾਣਕਾਰੀ ਲੈਣ ਲਈ ਸਫ਼ਾ 2 ਦੇਖੋ।

## ਗੁਰਮੇਲ ਸਿੰਘ ਦੇ ਪੰਜ ਕਾਤਲ ਅਦਾਲਤ 'ਚ



ਹਡਰਸਫੀਲਡ - ਇਸ ਸਾਲ ਫਰਵਰੀ ਮਹੀਨੇ ਵਿਚ ਇਥੇ ਪੰਜਾਬੀ ਦੁਕਾਨਦਾਰ ਸ: ਗੁਰਮੇਲ ਸਿੰਘ (63 ਸਾਲ) ਉੱਤੇ ਕੁਝ ਖਰੂਦੀਆਂ ਨੇ ਹਥੌੜੇ ਨਾਲ ਹਮਲਾ ਕਰਕੇ ਉਸ ਨੂੰ ਗੰਭੀਰ ਜਖਮੀ ਕਰ ਦਿੱਤਾ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ ਸੀ। ਇਸ ਕਤਲ ਕੇਸ ਵਿਚ ਪੁਲਿਸ ਨੇ ਪੰਜ ਕਥਿਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿਚ ਪੇਸ਼ ਕੀਤਾ, ਇਹਨਾਂ ਦੇ ਨਾਂ ਹਨ ਉਮਰ ਅਸਲਮ 20 ਸਾਲ, ਮੋਵਾਜ ਖਾਲਿਦ 20 ਸਾਲ, ਸ਼ੋਏਬ ਖਾਨ 18 ਸਾਲ, ਨਬੀਲ ਸ਼ਫ਼ੀ 18 ਸਾਲ, ਰਹਿਮਾਨ ਅਫ਼ਜ਼ਲ 18 ਸਾਲ। ਇਹਨਾਂ ਉੱਪਰ ਸਿੰਘ ਨੂੰ ਕਤਲ ਕਰਨ ਦੇ ਚਾਰਜ ਲਾਏ ਗਏ ਹਨ। ਇਹਨਾਂ ਦਾ ਕੇਸ 31 ਅਗਸਤ ਨੂੰ ਲੀਡਜ਼ ਕਰਾਊਨ ਕੋਰਟ ਵਿਚ ਚੱਲੇਗਾ। ਗੁਰਮੇਲ ਸਿੰਘ ਦੀ ਮੌਤ ਪਿੱਛੋਂ ਉਹਦਾ ਸਟੋਰ ਪਰਿਵਾਰ ਵੱਲੋਂ ਹੁਣ ਤੱਕ ਬੰਦ ਰੱਖਿਆ ਗਿਆ, ਜੋ ਪਿਛਲੇ ਹਫ਼ਤੇ ਹੀ ਮੁੜ ਖੋਲ੍ਹਿਆ ਹੈ।


## ਪਾਕਿਸਤਾਨ ਵਿਚਲੇ ਇਤਿਹਾਸਕ ਸਿੱਖ ਗੁਰਧਾਮਾਂ ਦੇ ਦਰਸ਼ਨਾਂ ਲਈ

# ਗੁਰੂ ਨਾਨਕ ਯਾਤਰਾ

**15 ਸਤੰਬਰ 2010 ਤੋਂ ਅਪ੍ਰੈਲ 2011 ਤੱਕ**
**ਪਹਿਲਾ ਜਥਾ 15 ਸਤੰਬਰ 2010 ਨੂੰ ਰਵਾਨਾ ਹੋਏਗਾ**

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਿਹ ॥

ਸਾਧ ਸੰਗਤ ਜੀ, ਆਪ ਜੀ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਅਸੀਂ ਆਪ ਜੀ ਲਈ ਪਾਕਿਸਤਾਨ ਦੇ ਇਤਿਹਾਸਕ ਗੁਰਦੁਆਰਿਆਂ ਦੀ ਯਾਤਰਾ ਦਾ ਬਹੁਤ ਹੀ ਵਧੀਆ ਪ੍ਰਬੰਧ ਕੀਤਾ ਹੈ। ਇਹ ਯਾਤਰਾ 10 ਦਿਨਾਂ ਦੀ ਹੈ।

**10 ਦਿਨਾਂ ਦੀ ਯਾਤਰਾ ਦਾ ਖਰਚਾ**
**£1199 ਪੌਂਡ - (ਬੁਕਿੰਗ ਸ਼ੁਰ ਹੈ)**




1) ਤੁਸੀਂ ਹੀਥਰੋ (ਲੰਡਨ) ਹਵਾਈ ਅੱਡੇ ਤੋਂ ਇਸਲਾਮਾਬਾਦ ਪਹੁੰਚੋਗੇ। ਫਿਰ ਏਅਰਕੰਡੀਸ਼ਨਡ ਕੋਚ ਰਾਹੀਂ ਤੁਸੀਂ ਗੁਰਦੁਆਰਾ ਪੰਜਾ ਸਾਹਿਬ, ਦੂਸਰੇ ਦਿਨ ਗੁਰਦੁਆਰਾ ਭਾਈ ਜੋਗਾ ਸਿੰਘ ਪਿਸ਼ਾਵਰ ਜਾਓਗੇ। ਦੋ ਰਾਤਾਂ ਆਪ ਪੰਜਾ ਸਾਹਿਬ ਗੁਰਦੁਆਰੇ ਹੀ ਠਹਿਰੋਗੇ। ਆਪ ਜੀ ਦੇ ਖਾਣ ਪੀਣ ਦਾ ਪ੍ਰਬੰਧ ਗੁਰਦੁਆਰੇ ਹੀ ਹੋਵੇਗਾ।

2) ਫਿਰ ਤੁਸੀਂ ਪੰਜਾ ਸਾਹਿਬ ਤੋਂ ਕੋਚ ਰਾਹੀਂ ਸ੍ਰੀ ਨਨਕਾਣਾ ਸਾਹਿਬ ਪਹੁੰਚੋਗੇ, ਉਥੋਂ ਤੁਸੀਂ ਨਨਕਾਣਾ ਸਾਹਿਬ ਦੇ ਸਾਰੇ ਗੁਰਦੁਆਰਿਆਂ ਦੇ ਦਰਸ਼ਨ ਕਰੋਗੇ ਤੇ ਫਿਰ ਤੁਸੀਂ ਗੁਰਦੁਆਰਾ ਸੱਚਾ ਸੌਦਾ ਦੇ ਦਰਸ਼ਨ ਕਰੋਗੇ। ਇਥੇ ਤੁਸੀਂ 2 ਦਿਨ ਠਹਿਰੋਗੇ, ਆਪ ਜੀ ਦੇ ਲਈ ਰਹਿਣ ਲਈ ਵਿਸ਼ੇਸ਼ ਪ੍ਰਬੰਧ ਗੁਰਦੁਆਰਾ ਸਾਹਿਬ 'ਚ ਕੀਤਾ ਹੈ।

3) ਨਨਕਾਣਾ ਸਾਹਿਬ ਤੋਂ ਤੁਸੀਂ ਲਾਹੌਰ ਲਈ ਰਵਾਨਾ ਹੋਵੋਗੇ। ਇਥੇ ਤੁਸੀਂ 3 ਦਿਨ ਠਹਿਰੋਗੇ। ਪਹਿਲੇ ਦਿਨ ਸਾਰੇ ਲਾਹੌਰ ਦੇ ਇਤਿਹਾਸਕ ਗੁਰਦੁਆਰਿਆਂ ਦੀ ਯਾਤਰਾ ਕਰੋਗੇ। ਦੂਜੇ ਦਿਨ ਆਪ ਲਾਹੌਰ ਦਾ ਸ਼ਾਹੀ ਕਿਲ੍ਹਾ, ਸ਼ਾਲਾਮਾਰ ਬਾਗ ਤੇ ਵਾਘਾ ਬਾਰਡਰ ਤੇ ਪਾਕਿਸਤਾਨ ਤੇ ਇੰਡੀਆ ਦੀਆਂ ਫੌਜਾਂ ਦਾ ਸਲੂਟ ਮਾਰਚ (ਗਾਰਡ ਆਫ਼ ਆਨਰ) ਦੇਖੋਗੇ। ਤੀਜੇ ਦਿਨ ਤੁਸੀਂ ਲਾਹੌਰ ਸ਼ਹਿਰ ਵਿਚ ਖਰੀਦੋ ਫਰੋਖ਼ਤ ਕਰੋਗੇ। ਇਥੇ ਤੁਸੀਂ 3 ਦਿਨ ਹੀ 4 ਸਟਾਰ ਹੋਟਲ **** ਵਿਚ ਠਹਿਰੋਗੇ।

4) ਆਪ ਜੀ ਦੀ ਸਿਹਤ ਦਾ ਖਾਸ ਧਿਆਨ ਰੱਖਦੇ ਹੋਏ, 24 ਘੰਟੇ ਲਗਾਤਾਰ ਡਾਕਟਰ ਦਾ ਪ੍ਰਬੰਧ ਅਤੇ ਆਪ ਜੀ ਦੀ ਰੱਖਿਆ ਵਾਸਤੇ ਵਿਸ਼ੇਸ਼ ਸਕਿਉਰਿਟੀ ਦਾ ਪ੍ਰਬੰਧ ਕੀਤਾ ਗਿਆ ਹੈ।

**ਹੀਥਰੋ ਤੋਂ ਅੰਮ੍ਰਿਤਸਰ, ਬ੍ਰਮਿੰਘਮ ਤੋਂ ਅੰਮ੍ਰਿਤਸਰ ਦੀਆਂ ਸਸਤੀਆਂ ਹਵਾਈ ਟਿਕਟਾਂ ਸਾਡੇ ਪਾਸੋਂ ਲਓ**
**CHEEP FLIGHTS FROM Heathrow & Birmingham to Amritsar**

**ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਸਾਡੇ ਨਾਲ ਇਸ ਫ਼ੋਨ ਨੰਬਰ 'ਤੇ ਸੰਪਰਕ ਕਰੋ:**
**FREE PHONE:- 0800 232 1547 - (ਮੁਫ਼ਤ ਫ਼ੋਨ)**